# ਦਫ਼ਤਰ ਗੁਰਦੁਆਰਾ ਚੋਣ ਕਮਿਸ਼ਨਰ, ਹਰਿਆਣਾ

ਗਰਾਊਂਡ ਫਲੋਰ, ਪਲਾਟ ਨੰ. 9 ਡੀਐਚਐਲ ਸਕੁਏਅਰ, ਸੈਕਟਰ 22, ਪੰਚਕੂਲਾ

ਟੈਲੀ: 0172-4004268 ਈਮੇਲ: gurdwaraelectionhry@gmail.com ਵੈੱਬ: https://gurdwaraelectionshry.in

## ਜਨਤਕ ਨੋਟਿਸ

ਹਰਿਆਣਾ ਰਾਜ ਵਿੱਚ ਵੱਸਦੇ ਸਮੂਹ ਸਿੱਖਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟਰ ਸੂਚੀ ਤਿਆਰ ਕਰਨ ਲਈ ਨਾਮ ਦਰਜ ਕਰਨ ਦੀ ਆਖਰੀ ਮਿਤੀ 30.09.2023 ਤੋਂ ਵਧਾ ਕੇ 16.10.2023 ਕਰ ਦਿੱਤੀ ਗਈ ਹੈ। ਕੋਈ ਵੀ ਸਿੱਖ ਜੋ ਲੋੜੀਂਦੀ ਯੋਗਤਾ ਪੂਰੀ ਕਰਦਾ ਹੈ ਅਤੇ ਅਜੇ ਤੱਕ ਉਸਨੇ ਆਪਣਾ ਨਾਮ ਰਜਿਸਟਰਡ ਨਹੀਂ ਕਰਵਾਇਆ ਹੈ, ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪੇਂਡੂ ਖੇਤਰ ਵਿੱਚ ਪਟਵਾਰੀ ਅਤੇ ਸ਼ਹਿਰੀ ਖੇਤਰ ਵਿੱਚ ਨਗਰਪਾਲਿਕਾ ਦੇ ਸਕੱਤਰ ਰਾਹੀਂ ਤੁਰੰਤ ਆਪਣਾ ਨਾਮ ਦਰਜ ਕਰਵਾਉਣ। ਬਿਨੈ-ਪੱਤਰ ਫਾਰਮ ਪਟਵਾਰੀ ਅਤੇ ਨਗਰਪਾਲਿਕਾ ਦੇ ਸਕੱਤਰ ਕੋਲ ਉਪਲਬਧ ਹਨ ਜਾਂ ਇਸ ਦਫ਼ਤਰ ਦੀ ਅਧਿਕਾਰਤ ਵੈੱਬਸਾਈਟ https://gurdwaraelectionshry.in ਤੋਂ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟਰ ਸੂਚੀ ਵਿਚ ਨਾਮ ਦਰਜ ਕਰਵਾਉਣ ਲਈ ਲੋੜੀਂਦੀ ਯੋਗਤਾ ਹੇਠ ਲਿਖੇ ਅਨੁਸਾਰ ਦਿੱਤੀਆਂ ਗਈਆਂ ਹਨ:-

ਕੋਈ ਵੀ ਵਿਅਕਤੀ ਜੋ-

| | |
|---|---|
| 1. | ਵੋਟਰ ਵਜੋਂ ਰਜਿਸਟ੍ਰੇਸ਼ਨ ਦੇ ਸਮੇਂ ਘੱਟ ਤੋਂ ਘੱਟ 6 ਮਹੀਨੇ ਤੋਂ ਉਸ ਵਾਰਡ ਦਾ ਆਮ ਨਾਗਰਿਕ ਹੈ; |
| 2. | ਸਿੱਖ ਹੈ ਅਤੇ 01 ਜਨਵਰੀ 2023 ਨੂੰ 18 ਸਾਲ ਦੀ ਉਮਰ ਪੂਰੀ ਕਰਦਾ ਹੈ; |

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੋ ਵਿਅਕਤੀ ਪਤਿਤ ਹੈ /ਆਪਣੀ ਦਾੜ੍ਹੀ ਕੱਟਦਾ ਹੈ /ਮੁੰਨਵਾਉਂਦਾ ਹੈ/ ਤੰਬਾਕੂ/ ਕੁਠਾ (ਹਲਾਲ ਮੀਟ) ਖਾਂਦਾ ਹੈ /ਸ਼ਰਾਬ ਪੀਂਦਾ ਜਾਂ ਕੋਈ ਵੀ ਨਸ਼ਾ ਕਰਦਾ ਹੈ, ਉਹ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟਰ ਸੂਚੀ ਵਿਚ ਨਾਮ ਦਰਜ ਕਰਵਾਉਣ ਯੋਗ ਨਹੀਂ ਹੋਵੇਗਾ।

**ਜਸਟਿਸ ਐਚ.ਐਸ.ਭੱਲਾ**

**ਕਮਿਸ਼ਨਰ, ਗੁਰਦੁਆਰਾ ਚੋਣਾਂ, ਹਰਿਆਣਾ**